ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ, ਸ਼ੁੱਕਰਵਾਰ, 22 ਅਕਤੂਬਰ 2021

# ਖੂਨਦਾਨ ਤੇ ਟੀਕਾਰਨ ਕੈਂਪ ਲਾਇਆ

ਧੂਰੀ: ਇਥੇ ਪੰਜਾਬ ਯੂਨੀਅਨ ਆਫ਼ ਜਰਨਲਿਸਟ ਵੱਲੋਂ ਦੇਸ਼ ਭਗਤ ਕਾਲਜ ਬਰੜ੍ਹਵਾਲ ਧੂਰੀ ਵਿੱਚ ਪਹਿਲੀ ਖੂਨਦਾਨ ਕੈਂਪ, ਕਰੋਨਾ ਵੈਕਸੀਨ ਕੈਂਪ ਅਤੇ ਅੱਖਾਂ ਦੀਆਂ ਦਵਾਈਆਂ ਦਾ ਫ੍ਰੀ ਕੈਂਪ ਲਗਾਇਆ ਗਿਆ। ਇਸ ਵਿੱਚ ਕਾਲਜ ਦੇ ਫਰੱਸਟੀ ਮੈਂਬਰ ਜਤਿੰਦਰ ਸਿੰਘ ਸੋਨੀ ਮੰਡੇਰ, ਡਾ. ਸੁਖਵਿੰਦਰ ਸਿੰਘ ਧਾਂਦਰਾ, ਬੰਤ ਸਿੰਘ ਬਰੜਵਾਲ ਨੇ ਤਿੰਨੋ ਕੈਂਪਾਂ ਦਾ ਉਦਘਾਟਨ ਕੀਤਾ। ਕੈਂਪ ਵਿਚ ਪੰਜਾਬ ਯੂਨੀਅਨ ਆਫ ਜਰਨਲਿਸਟ ਦੇ ਅਹੁਦੇਦਾਰਾਂ ਦੀ ਹੌਸਲਾ ਅਫ਼ਜ਼ਾਈ ਲਈ ਮੁੱਖ ਮਹਿਮਾਨ ਵਜੋਂ ਐੱਮਐੱਲਏ ਦਲਵੀਰ ਸਿੰਘ ਗੋਲਡੀ ਨੇ ਸ਼ਿਰਕਤ ਕੀਤੀ। ਇਸ ਮੌਕੇ ਪ੍ਰੋਫੈਸਰ ਡਾਕਟਰ ਬਲਵੀਰ ਸਿੰਘ ਦੇਸ਼ ਭਗਤ ਕਾਲਜ , ਉਘੇ ਸਮਾਜ ਸੇਵੀ ਪਰਮਿੰਦਰ ਸਿੰਘ ਬਰੜਵਾਲ , ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਗੋਬਿੰਦਰ ਸਿੰਘ ਪੰਨਵਾਲ, ਜਰਨਲ ਸਕੱਤਰ ਸਰਪੰਚ ਮਿੱਠੂ ਲੱਡਾ , ਰਣਜੀਤ ਸਿੰਘ ਪੇਧਨੀ ਜਨਰਲ ਸਕੱਤਰ ਆਦਿ ਹਾਜ਼ਰ ਸਨ। ਨਿੱਜੀ ਪੱਤਰ ਪ੍ਰੇਰਕ

**"Blood Donation and Vaccination Camp" by Youth And Red Ribbon Club on 21 Oct, 2021**

# ਕਾਲਜ ਵਿਖੇ ਵਿਕਸਿਤ ਯੁਵਾ ਵਿਕਸਿਤ ਭਾਰਤ ਪ੍ਰੋਗਰਾਮ ਦਾ ਆਯੋਜਨ




ਧੂਰੀ 12 ਜਨਵਰੀ ( ਸੁਖਵਿੰਦਰ ਪਲਾਹਾ ) ਦੇਸ ਭਗਤ ਕਾਲਜ ਬਰੜਵਾਲ ਧੂਰੀ ਦੇ ਯੂਥ ਕਲੱਬ ਅਤੇ ਰੈਡ ਰਿਬਨ ਕਲੱਬ ਨੇ ਡਾਇਰੈਕਟਰੇਟ ਯੁਵਕ ਸੇਵਾਵਾਂ ਵਿਭਾਗ ਪੰਜਾਬ ਦੇ ਨਿਰਦੇਸ਼ਾਂ ਅਨੁਸਾਰ ਕਾਲਜ ਕੈਂਪਸ ਵਿਖੇ ਨੈਸ਼ਨਲ ਯੂਥ ਦਿਵਸ ਮਨਾਇਆ ਇਸ ਪ੍ਰੋਗਰਾਮ ਵਿੱਚ ਕਾਲਜ ਦੇ ਪ੍ਰਿੰਸੀਪਲ ਡਾ: ਬਲਵੀਰ ਸਿੰਘ ਜੀ ਉਚੇਚੇ ਤੌਰ ਤੇ ਪਹੁੰਚੇ ਇਸ ਮੌਕੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ ਅਤੇ ਇੱਕ ਐਚ ਆਈਵੀ ਏਡਸ ਜਾਗਰੂਕਤਾ ਰੈਲੀ ਵੀ ਕੱਢੀ ਗਈ। ਇਸ ਮੌਕੇ ਪ੍ਰੋਗਰਾਮ ਇੰਚਾਰਜ ਡਾ:ਹਰਜਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਐਚ.ਆਈ.ਵੀ. ਏਡਜ ਦੇ ਕਾਰਨਾਂ ਅਤੇ ਰੋਕਥਾਮ ਬਾਰੇ ਜਾਣਕਾਰੀ ਦਿੱਤੀ ਇਸ ਮੌਕੇ ਪ੍ਰੋਫੈਸਰ ਮਨਪ੍ਰੀਤ ਸਿੰਘ , ਪ੍ਰੋਫੈਸਰ ਕਰਮਵੀਰ ਕੌਰ ਅਤੇ ਮਨਪ੍ਰੀਤ ਕੌਰ ਹਾਜ਼ਰ ਸੀ

"**National Youth Day" by Youth and Red Ribbon Club on 11 Jan, 2022**

Scanned with ACE Scanner

FRI, 12 MAY 2023,
EDITION SANGRUR KESARI, PAGE NO. 4

# रैड रिबन क्लब ने थैलेसीमिया व एच.आई.वी. एड्स जागरूकता सप्ताह मनाया



मुख्य मेहमान को सम्मानित करते हुए ट्रस्ट के चेयरमैन बलवंत सिंह मोमसा तथा कालेज प्रि. बलवीर सिंह। (अश्वनी)

धूरी, 11 मई (अश्वनी): देश भगत कालेज बरड़वाल के प्रि. डा. बलवीर सिंह की अगुवाई में चल रहे युथ क्लब तथा रैड रिबन क्लब द्वारा थैलेसीमिया तथा एच.आई.वी. एड्स जागरूकता सप्ताह मनाया गया।

मंच का संचालन करते प्रो. मनप्रीत सिंह ने प्रोग्राम की रूपरेखा सांझी की। इस मौके रैड रीबन क्लब के नोडल अफसर डा. हरजिन्द्र कौर ने थैलेसीमिया बारे जानकारी दी तथा आए मुख्य मेहमान डा. राजीव शर्मा एसोसिएट प्रो. (मोदी कालेज पटियाला) का स्वागत किया। मुख्य मेहमान ने अपा भाषण आरंभ करते थैलेसीमिया की किस्मों के कारण तथा रोकथाम बारे जानकारी देते बताया कि थैलेसीमिया दो तरह का होता है।

इस दौरान उन्होंने अपना भाषण जारी रखते एच.आई.वी. एड्स बारे जानकारी देते उसके कारणों, लक्षणों तथा रोकथाम बारे बताया। उन्होंने इन बीमारियों बारे विस्तार साहित्य पड़ाव दर पड़ाव बात की। डा. दलविन्द्र कौर ने धन्यवादी शब्द कहते उन्होंने समूह का धन्यवाद किया।

जिन्होंने इस प्रोग्राम में शिरकत की। कालेज ट्रस्ट के सचिव बलवंत सिंह मोमसा तथा समूह स्टाफ द्वारा मुख्य मेहमान को सम्मान चिन्ह भेंट किया गया। इस मौके वाइस प्रि. डा. वीरइंद्र कौर भिंडर, प्रो. तरुणी तथा समूह स्टाफ हाजिर था।

**Extension Lecture on "Awareness On Thalassemia and HIV Aids" by Youth And Red Ribbon Club On 10 May,2022**

Scanned with ACE Scanner

ਅਜੀਤ, ਬਠਿੰਡਾ

ਅਜੀਤ

ਸ਼ੁੱਕਰਵਾਰ, 18 ਨਵੰਬਰ 2022

# ਕਾਲਜ ਵਿਖੇ ਵਾਦ-ਵਿਵਾਦ ਮੁਕਾਬਲਾ ਕਰਵਾਇਆ

ਧੂਰੀ, 17 ਨਵੰਬਰ (ਲਖਵੀਰ ਸਿੰਘ ਧਾਂਦਰਾ)-ਦੇਸ਼ ਭਗਤ ਕਾਲਜ ਦੇ ਪ੍ਰਿੰਸੀਪਲ ਡਾ. ਬਲਬੀਰ ਸਿੰਘ ਦੀ ਰਹਿਨੁਮਾਈ ਹੇਠ ਚੱਲ ਰਹੇ ਐਨ. ਐਸ. ਐਸ. ਅਤੇ ਰੈੱਡ ਰੀਬਨ ਕਲੱਬ ਨੇ ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜਨ ਜਾਤੀ ਦਿਵਸ ਦੇ ਸੰਬੰਧ ਵਿਚ ਵਾਦ ਵਿਵਾਦ ਮੁਕਾਬਲੇ ਕਰਵਾਏ ਗਏ। ਡਾ. ਹਰਜਿੰਦਰ ਕੌਰ ਨੇ ਇਸ ਪ੍ਰੋਗਰਾਮ ਦੀ ਰੂਪ ਰੇਖਾ ਸਾਂਝੀ ਕਰਦਿਆਂ ਕਿਹਾ ਕਿ ਇਹ ਸਰਕਾਰ ਦਾ ਸ਼ਲਾਘਾਯੋਗ ਕਦਮ ਹੈ ਜਿਸ ਰਾਹੀਂ ਅਸੀਂ ਅੱਜ ਹਾਸ਼ੀਏ 'ਤੇ ਪਏ ਸੂਰਬੀਰਾਂ ਨੂੰ ਯਾਦ ਕਰ ਰਹੇ ਹਾਂ। ਕਾਲਜ ਪ੍ਰਿੰਸੀਪਲ ਡਾ. ਬਲਬੀਰ ਸਿੰਘ ਨੇ ਆਪਣਾ ਭਾਸ਼ਨ ਆਰੰਭਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਨੂੰ ਆਪਣੀ ਸੰਸਕ੍ਰਿਤੀ ਵੱਲ ਮੋੜਦੇ ਹਨ। ਅਜਿਹੇ ਪ੍ਰੋਗਰਾਮਾਂ ਰਾਹੀਂ ਉਨ੍ਹਾਂ ਦੇ ਆਤਮ ਵਿਸ਼ਵਾਸ 'ਚ ਵਾਧਾ ਹੁੰਦਾ ਹੈ। ਉਨ੍ਹਾਂ ਜਨ ਜਾਤੀ ਦਿਵਸ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਪ੍ਰੋਗਰਾਮ ਵਿਚ 30 ਵਿਦਿਆਰਥੀਆਂ ਨੇ ਵਿਸ਼ੇ ਦੇ ਪੱਖ ਤੇ ਵਿਪੱਖ ਵਿਚ ਆਪਣੇ ਵਿਚਾਰ ਪੇਸ਼ ਕੀਤੇ। ਇਨ੍ਹਾਂ 'ਚੋਂ ਗੁਰਵਿੰਦਰ ਸਿੰਘ ਬੀ.ਲਿਬ. ਰੋਲ ਨੰ: 902 ਨੇ ਪਹਿਲਾ ਤੇ ਹਰਸ਼ਦੀਪ ਕੌਰ ਬੀ. ਕਾਮ. ਆਨਰਜ ਭਾਗ ਤੀਜਾ ਨੇ ਦੂਜਾ ਸਥਾਨ ਹਾਸਲ ਕੀਤਾ। ਇਸ ਮੌਕੇ ਐਨ. ਐਸ. ਐਸ. ਪ੍ਰੋਗਰਾਮ ਅਫ਼ਸਰ ਡਾ. ਮਨਮੀਤ ਕੌਰ ਤੇ ਡਾ. ਮਨਜੀਤ ਸਿੰਘ ਸਮੇਤ ਸਮੂਹ ਸਟਾਫ਼ ਮੌਜੂਦ ਸੀ।



ਦੇਸ਼ ਭਗਤ ਕਾਲਜ ਵਿਖੇ ਕਰਵਾਏ ਵਾਦ ਵਿਵਾਦ ਮੁਕਾਬਲੇ ਦਾ ਦ੍ਰਿਸ਼। ਤਸਵੀਰ : ਲਖਵੀਰ ਸਿੰਘ ਧਾਂਦਰਾ

CM K

**"Declamation Contest in Connection with Jan Jati Divas" by Youth And Red Ribbon Club On 17 Nov, 2022**

Scanned with ACE Scanner

ਜਗ ਬਾਣੀ JAGBANI

SATURDAY • 12.11.2022 3

# ਵਾਤਾਵਰਣ ਦੀ ਸਾਂਭ-ਸੰਭਾਲ ਸਬੰਧੀ ਪ੍ਰੋਗਰਾਮ ਕਰਵਾਇਆ



ਦੇਸ਼ ਭਗਤ ਕਾਲਜ ਵਿਖੇ ਕਰਵਾਏ ਪ੍ਰੋਗਰਾਮ ਦਾ ਦ੍ਰਿਸ਼।

ਧੂਰੀ, 11 ਨਵੰਬਰ (ਅਸ਼ਵਨੀ)–ਦੇਸ਼ ਭਗਤ ਕਾਲਜ ਬਰੜਵਾਲ ਦੇ ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਜਸਪਾਲ ਸਿੰਘ ਵੱਲੋਂ ਸਥਾਪਿਤ ਕੀਤੀ ਬਰੇਵ ਹਰਟਸ ਸੋਸਾਇਟੀ ਨੇ ਵਾਤਾਵਰਣ ਸੰਭਾਲ ਸਬੰਧੀ ਇਕ ਰੋਜ਼ਾ ਪ੍ਰੋਗਰਾਮ ਉਲੀਕਿਆ ਗਿਆ, ਜਿਸ ਵਿਚ ਇਹ ਸੋਸਾਇਟੀ ਦੇ ਵਿਦਿਆਰਥੀਆਂ ਨੇ ਵਾਤਾਵਰਣ ਨਾਲ ਸਬੰਧਤ ਪੋਸਟਰ ਬਣਾਏ। ਇਨ੍ਹਾਂ ਨੇ ਆਪਣਾ ਕਾਰਜ ਦੇਸ਼ ਭਗਤ ਕਾਲਜ ਬਰੜਵਾਲ ਦੇ ਪ੍ਰਿੰਸੀਪਲ ਡਾ. ਬਲਵੀਰ ਸਿੰਘ ਨੇ ਹਰੀ ਝੰਡੀ ਦੇ ਕੇ ਆਰੰਭ ਕੀਤਾ। ਉਨ੍ਹਾਂ ਕਿਹਾ ਕਿ ਇਹ ਸੋਸਾਇਟੀ ਸਮਾਜ ਭਲਾਈ ਦੇ ਕਾਰਜ ਲਈ ਸਥਾਪਤ ਕੀਤੀ ਹੈ। ਇਸ ਕਾਰਜ ਲੜੀ ਤਹਿਤ ਅੱਜ ਇਨ੍ਹਾਂ ਨੇ ਪਹਿਲਾ ਪ੍ਰੋਗਰਾਮ ਉਲੀਕਿਆ ਹੈ, ਜਿਸ ਨਾਲ ਵਿਦਿਆਰਥੀਆਂ ਨੂੰ ਵਾਤਾਵਰਣ ਸਬੰਧੀ ਦਿੱਤੀ ਗਈ।

ਇਸ ਸੋਸਾਇਟੀ ਨੇ ਨੇੜਲੇ ਪਿੰਡ ਜਹਾਂਗੀਰ ਦਾ ਦੌਰਾ ਕੀਤਾ। ਉੱਥੇ ਇਕ ਅਗਾਂਹ ਵਧੂ ਕਿਸਾਨ ਹਰਨੇਕ ਸਿੰਘ ਨੂੰ ਮਿਲੇ। ਇਸ ਕਿਸਾਨ ਨੇ ਆਪਣੇ ਤਜਰਬੇ ਵਿਦਿਆਰਥੀਆਂ ਨਾਲ ਸਾਂਝੇ ਕਰਦੇ ਹੋਏ ਕਿਹਾ ਕਿ ਇਹ ਕਾਲਜ ਦਾ ਸ਼ਲਾਘਾਯੋਗ ਕਦਮ ਹੈ। ਇਸ ਪ੍ਰੋਗਰਾਮ ਵਿਚ ਡਾ. ਬੀਰਇੰਦਰ ਕੌਰ ਢਿੱਡਰ ਅਤੇ ਡਾ. ਮਨਜੀਤ ਸਿੰਘ ਅਤੇ ਪ੍ਰੋ. ਉਪਕਾਰ ਸਿੰਘ ਸ਼ਾਮਲ ਸਨ।

**Outreach Activity by Brave Hearts Society of English Department**
**"Environmental Awareness Program at Jahangir Village"**
**On 11 Nov, 2022**

ਅਜੀਤ, ਬਠਿੰਡਾ
ਅਜੀਤ
ਮੰਗਲਵਾਰ, 27 ਜੂਨ 2023



ਦੇਸ਼ ਭਗਤ ਕਾਲਜ ਬਰੜ੍ਹਵਾਲ ਵਿਖੇ ਸਮਰ ਕਰੈਸ਼ ਕੋਰਸ ਇਨ ਇੰਗਲਿਸ਼ ਸਟੱਡੀਜ਼ ਦੀ ਸ਼ੁਰੂਆਤ ਮੌਕੇ ਦਾ ਦ੍ਰਿਸ਼। ਤਸਵੀਰ : ਲਖਵੀਰ ਸਿੰਘ ਧਾਂਦਰਾ

# ਸਮਰ ਕਰੈਸ ਕੋਰਸ ਇਨ ਇੰਗਲਿਸ਼ ਸਟੱਡੀਜ਼ ਦੀ ਸ਼ੁਰੂਆਤ

ਧੂਰੀ, 26 ਜੂਨ (ਲਖਵੀਰ ਸਿੰਘ ਧਾਂਦਰਾ)- ਦੇਸ਼ ਭਗਤ ਕਾਲਜ ਬਰੜ੍ਹਵਾਲ ਧੂਰੀ ਵਿਖੇ ਪ੍ਰਿੰਸੀਪਲ ਡਾ. ਬਲਬੀਰ ਸਿੰਘ ਦੀ ਅਗਵਾਈ ਹੇਠ ਚੱਲ ਰਹੇ ਅੰਗਰੇਜ਼ੀ ਵਿਭਾਗ ਨੇ ਸਮਰ ਕਰੈਸ ਕੋਰਸ ਇਨ ਇੰਗਲਿਸ਼ ਸਟੱਡੀਜ਼ ਦੀ ਸ਼ੁਰੂਆਤ 22 ਜੂਨ ਤੋਂ 28 ਜੂਨ ਤੱਕ ਕੀਤੀ। ਜਿਸ ਦਾ ਆਰੰਭ ਕਾਲਜ ਪ੍ਰਿੰਸੀਪਲ ਡਾ ਬਲਵੀਰ ਸਿੰਘ ਨੇ ਆਪਣੇ ਕਰ ਕਮਲਾ ਨਾਲ ਕੀਤਾ। ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਜਸਪਾਲ ਸਿੰਘ ਨੇ ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਪ੍ਰੋਗਰਾਮ ਸੱਤ ਦਿਨ ਚੱਲੇਗਾ। ਜਿਸ ਵਿਚ ਵਿਭਾਗ ਵੱਲੋਂ ਵਿਦਿਆਰਥੀਆਂ ਨੂੰ ਅੰਗਰੇਜ਼ੀ ਭਾਸ਼ਾ ਦੀਆਂ ਬਾਰੀਕੀਆਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਪਹਿਲੇ ਦਿਨ ਵਿਭਾਗ ਦੇ ਮੁਖੀ ਨੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਭਾਸ਼ਾ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਅਤੇ ਉਨ੍ਹਾਂ ਨੇ ਆਉਣ ਵਾਲੇ ਦਿਨਾਂ ਦੀ ਸੰਖੇਪ ਸੂਚੀ ਵੀ ਜਾਰੀ ਕੀਤੀ।

**Extension Program by Dept. of English**
**“Summer Crash Course in English Studies”**
**On 22-28 July,2023**

Scanned with ACE Scanner



ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਵੰਡਿਆ ਗਿਆ ਰਾਸ਼ਨ

NEWS

ਗਤ ਕਾਲਜ ਦੇ ਅੰਗਰੇਜ਼ੀ ਵਿਭਾਗ ਵਲੋਂ

ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਦਾ ਆਯੋਜਨ

**Outreach Activity by Brave Hearts Society of English Department**
**“Distribution Of Eatables for Flood Victims at Patiala”**
**On 20 July, 2023**

Scanned with ACE Scanner

ਰੋਜ਼ਾਨਾ ਸਪੋਕਸਮੈਨ
ਵੀਰਵਾਰ, 28 ਸਤੰਬਰ 2023

# ਲੋੜਵੰਦ ਲੋਕਾਂ ਨੂੰ ਕਪੜੇ ਵੰਡੇ



ਧੂਰੀ, 27 ਸਤੰਬਰ (ਸਿਕੰਦਰ ਘਨੌਰ) : ਦੇਸ਼ ਭਗਤ ਕਾਲਜ ਦੇ ਪ੍ਰਿੰਸੀਪਲ ਡਾ: ਬਲਬੀਰ ਸਿੰਘ ਦੀ ਰਹਿਨੁਮਾਈ ਦੇ ਹੇਠ ਅੰਗਰੇਜ਼ੀ ਵਿਭਾਗ ਦੇ ਮੁਖੀ ਡਾ: ਜਸਪਾਲ ਸਿੰਘ ਅਤੇ ਪ੍ਰੋਫੈਸਰ ਉਪਕਾਰ ਸਿੰਘ ਅਤੇ ਉਹਨਾਂ ਦੀ ਬਰੇਵ ਹਰਟਸ ਸੋਸਾਇਟੀ ਵੱਲੋਂ ਧੂਰੀ ਸ਼ਹਿਰ ਵਿੱਚ ਲੋੜਵੰਦਾਂ ਵਿਚਕਾਰ ਕਪੜੇ ਤੇ ਟੀ ਸ਼ਰਟਾਂ ਵੰਡੀਆਂ ਗਈਆਂ। ਇਸ ਉਪਰਾਲੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸਮਾਜ ਦੇ ਪ੍ਰਤੀ ਆਪਣੀ ਜਿੰਮੇਵਾਰੀ ਦੇ ਲਈ ਜਾਗਰੂਕ ਕਰਨਾ ਸੀ। ਵਿਭਾਗ ਵੱਲੋਂ ਬਣਾਈ ਸੋਸਾਇਟੀ ਦੁਆਰਾ ਸਮੇਂ-ਸਮੇਂ ਤੇ ਸਮਾਜਕ ਕੰਮਾਂ 'ਚ ਬੜੀ ਸਰਗਰਮੀ ਨਾਲ ਭਾਗ ਲਿਆ ਜਾਂਦਾ ਹੈ। ਦੇਸ਼ ਭਗਤ ਕਾਲਜ 'ਚੋਂ ਸੁਸਾਇਟੀ ਨੂੰ ਕੱਪੜੇ ਵੰਡਣ ਲਈ ਰਵਾਨਾ ਕਰਨ ਮੌਕੇ ਕਾਲਜ ਦੇ ਪ੍ਰਿੰ. ਡਾ. ਬਲਬੀਰ ਸਿੰਘ ਵਲੋਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਇਸ ਸੁਸਾਇਟੀ ਵੱਲੋਂ ਸਮਾਜ ਲਈ ਕੀਤੇ ਜਾਂਦੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਵਿਦਿਆਰਥੀਆਂ ਦੇ ਉਤਸਾਹ ਨੂੰ ਦੇਖਦਿਆਂ ਭਵਿੱਖ 'ਚ ਹੋਰ ਸਮਾਜ ਦੇ ਪ੍ਰਤੀ ਬਣਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਦੇ ਲਈ ਇਹ ਸੁਸਾਇਟੀ ਆਪਣਾ ਪੂਰਾ ਯੋਗਦਾਨ ਪਾਵੇਗੀ।

**Outreach Activity by Brave Hearts Society of English Department**
**“Distribution of Clothes to Needy People at Patiala City”**
**On 27 Sep, 2023**

Scanned with ACE Scanner

ਅਜੀਤ, ਬਠਿੰਡਾ

# ਅਜੀਤ

ਮੰਗਲਵਾਰ, 17 ਅਕਤੂਬਰ 2023

## ਮੈਡੀਕਲ ਕੈਂਪ ਲਗਾਇਆ

ਧੂਰੀ, 16 ਅਕਤੂਬਰ (ਲਖਵੀਰ ਸਿੰਘ ਧਾਂਦਰਾ)-ਦੇਸ਼ ਭਗਤ ਕਾਲਜ ਬਰੜ੍ਹਵਾਲ ਦੇ ਪ੍ਰਿੰਸੀਪਲ ਡਾ. ਬਲਬੀਰ ਸਿੰਘ
ਦੀ ਅਗਵਾਈ ਦੇ ਹੇਠ ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਜਸਪਾਲ ਸਿੰਘ ਤੇ ਉਨ੍ਹਾਂ ਦੀ ਸੁਸਾਇਟੀ ਫਿਜ਼ੀਕਲ ਤੇ
ਸਾਇਕਲੋਜੀਕਲ ਵੇਲਵੀਗ ਵਲੋਂ ਪਿੰਡ ਬਰੜਵਾਲ ਵਿਖੇ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਇਸ ਮੌਕੇ ਕੈਂਪ
ਵਿਚ ਪਿੰਡ ਵਾਸੀਆਂ ਦਾ ਆਯੁਰਵੈਦਿਕ ਪ੍ਰਣਾਲੀ ਅਤੇ ਐਕੂਪ੍ਰੈਸਰ ਸਿਸਟਮ ਨਾਲ ਨਿਰੀਖਣ ਕੀਤਾ ਗਿਆ। ਇਸ ਮੌਕੇ
ਕੈਂਪ ਨੂੰ ਸੰਬੋਧਨ ਕਰਦੇ ਹੋਏ ਡਾ. ਜਸਪਾਲ ਸਿੰਘ ਅਤੇ ਡਾਕਟਰ ਗੁਰਦੀਪ ਸਿੰਘ ਨੇ ਪਿੰਡ ਵਾਸੀਆਂ ਨੂੰ ਅਜੋਕੇ ਸਮੇਂ ਵਿੱਚ
ਬਿਮਾਰੀਆਂ ਨਾਲ ਗ੍ਰਸਤ ਸਮਾਜ ਬਾਰੇ ਦੱਸਿਆ ਗਿਆ ਅਤੇ ਸਿਹਤ ਮੰਦ ਜ਼ਿੰਦਗੀ ਜਿਉਣ ਲਈ ਪ੍ਰਭਾਵਸ਼ਾਲੀ ਤਰੀਕੇ
ਨਾਲ ਵਾਰਤਾਲਾਪ ਕੀਤੀ ਗਈ। ਇਸ ਉਪਰਾਲੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸਮਾਜ ਦੇ ਪ੍ਰਤੀ ਆਪਣੀ
ਜ਼ਿੰਮੇਵਾਰੀ ਦੇ ਲਈ ਜਾਗਰੂਕ ਕਰਨਾ ਸੀ।

**Outreach Activity by Society for Physical and Psychological Well Being of English Department**

**"Medical Camp"**

**On 16 Oct, 2023**

ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ, ਬੁੱਧਵਾਰ, 29 ਨਵੰਬਰ 2023

## ਪੁਰਾਤਨ ਖੇਡਾਂ ਕਰਵਾਈਆਂ

ਨਿੱਜੀ ਪੱਤਰ ਪ੍ਰੇਰਕ
ਧੂਰੀ, 28 ਨਵੰਬਰ

ਦੇਸ਼ ਭਗਤ ਕਾਲਜ ਬਰੜਵਾਲ ਦੇ ਅੰਗਰੇਜ਼ੀ ਵਿਭਾਗ ਵੱਲੋਂ ਆਊਟਰੀਚ ਪ੍ਰੋਗਰਾਮ ਤਹਿਤ ਪੁਰਾਤਨ ਪੇਂਡੂ ਖੇਡਾਂ ਕਰਵਾਈਆਂ। ਕਾਲਜ ਪ੍ਰਿੰਸੀਪਲ ਡਾ. ਬਲਬੀਰ ਸਿੰਘ ਦੀ ਰਹਿਨੁਮਾਈ ਹੇਠ ਚੱਲ ਰਹੇ ਅੰਗਰੇਜ਼ੀ ਵਿਭਾਗ ਦੇ ਮੁਖੀ ਡਾ. ਜਸਪਾਲ ਸਿੰਘ ਵੱਲੋਂ ਪਿੰਡ ਬਰਡਵਾਲ ਵਿੱਚ ਪੁਰਾਤਨ ਪੇਂਡੂ ਖੇਡਾਂ ਕਰਵਾਈਆਂ ਗਈਆਂ। ਇਹ ਪ੍ਰੋਗਰਾਮ ਕਾਲਜ ਦੇ ਅੰਗਰੇਜ਼ੀ ਵਿਭਾਗ ਦੀ ਫਿਜੀਕਲ ਅਤੇ ਸਾਇਕੋਲੋਜੀਕਲ ਬੈੱਲਬੀਂਗ ਸੁਸਾਇਟੀ ਵੱਲੋਂ ਉਲੀਕਿਆ ਗਿਆ। ਇਨ੍ਹਾਂ ਖੇਡਾਂ ਵਿੱਚ ਬਜ਼ੁਰਗਾਂ ਦੀ ਦੌੜ, ਰੱਸਾਕਸ਼ੀ, ਬੋਰੀ ਦੌੜ, ਹੌਲੀ ਅਤੇ ਤੇਜ ਸਾਈਕਲ ਦੀ ਰੇਸ, ਰੁਕਾਵਟ ਦੌੜ, ਚਾਟੀ ਦੌੜ (ਸਿਰਫ ਔਰਤਾਂ ਦੇ ਲਈ) ਕਰਵਾਈਆਂ ਗਈਆਂ। ਇਨ੍ਹਾਂ ਖੇਡਾਂ ਦਾ ਮੁੱਖ ਉਦੇਸ਼ ਲੋਪ ਹੋ ਰਹੀਆਂ ਇਹ ਪੁਰਾਤਨ ਖੇਡਾਂ ਬਾਰੇ ਜਾਗਰੂਕ ਕਰਨਾ ਸੀ।

**Outreach Activity by English Department**
**“Traditional Rural Games at Bardwal Village”**
**On 28 Nov, 2023**

Scanned with ACE Scanner